ਸਿੱਖੀ ਅਕਸ

ਸਿੱਖਾਂ ਦੇ ਦੇਸ਼-ਵਿਦੇਸ਼ ਵਿੱਚ ਵਿਗਾੜੇ ਜਾ ਰਹੇ ਅਕਸ ਲਈ ਜ਼ਿੰਮੇਵਾਰ ਕੌਣ?

ਹਰਚਰਨ ਸਿੰਘ ਪ੍ਰਹਾਰ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸਿੱਖਾਂ ਦੇ ਦੇਸ਼-ਵਿਦੇਸ਼ ਵਿੱਚ ਵਿਗਾੜੇ ਜਾ ਰਹੇ ਅਕਸ ਲਈ ਜ਼ਿੰਮੇਵਾਰ ਕੌਣ?

ਜਿਸ ਦੇਸ਼ ਵਿੱਚ ਸਿੱਖਾਂ ਨੂੰ ਸਭ ਤੋਂ ਵੱਡੇ ਦੇਸ਼ ਭਗਤ ਤੇ ਦੇਸ਼ ਦੇ ਰਾਖੇ ਮੰਨਿਆ ਜਾਂਦਾ ਸੀ, ਜਿਸ ਕਰਕੇ ਸਾਰੇ ਦੇਸ਼ ਵਿੱਚ ਨਾ ਸਿਰਫ ਸਿੱਖਾਂ ਦੀ ਪੂਰੀ ਸਰਦਾਰੀ ਸੀ, ਸਗੋਂ ਬਾਕੀ ਦੇਸ਼ ਵਿੱਚ ਵੱਸਦੀਆਂ ਸਭ ਕੌਮਾਂ ਨਾਲ਼ੋਂ ਸਿੱਖ ਵੱਧ ਖੁਸ਼ਹਾਲ ਸਨ। ਅੱਜ ਉਸੇ ਦੇਸ਼ ਵਿੱਚ ਸਿੱਖ ਲੀਡਰਸ਼ਿਪ ਦੀ ਸੌੜੀ ਰਾਜਨੀਤੀ ਅਤੇ ਸਿੱਖਾਂ ਦੇ ਇੱਕ ਛੋਟੇ ਜਿਹੇ ਸੈਕਸ਼ਨ ਦੀ ਹਿੰਸਾ ਤੇ ਨਫ਼ਰਤ ਦੀ ਰਾਜਨੀਤੀ ਨੇ ਸਾਰੀ ਸਿੱਖ ਕੌਮ ਨੂੰ ਅੱਤਵਾਦੀ ਤੇ ਵੱਖਵਾਦੀ ਬਣਾ ਦਿੱਤਾ ਹੈ। ਅੱਜ ਸਿੱਖਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ਼ ਦੇਖਿਆ ਜਾਣ ਲੱਗਾ ਹੈ?

ਇਹੋ ਜਿਹੀ ਸੌੜੀ, ਹਿੰਸਕ ਤੇ ਨਫ਼ਰਤ ਦੀ ਰਾਜਨੀਤੀ ਵਾਲ਼ੀ ਲੀਡਰਸ਼ਿਪ ਨੇ ਹੁਣ ਵਿਦੇਸ਼ਾਂ ਵਿੱਚ ਵੀ ਸਿੱਖਾਂ ਨੂੰ ਸ਼ੱਕੀ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ 40-50 ਸਾਲਾਂ ਵਿੱਚ ਸਿੱਖਾਂ ਨੇ ਆਪਣੀ ਮਿਹਨਤ ਤੇ ਲਿਆਕਤ ਨਾਲ਼ ਵਿਦੇਸ਼ਾਂ ਵਿੱਚ ਬੜਾ ਸਤਿਕਾਰਤ ਸਥਾਨ ਬਣਾ ਲਿਆ ਸੀ। ਜਿਸ ਤੇ ਇਹ ਲੋਕ ਆਪਣੀਆਂ ਆਪ-ਹੁਦਰੀਆਂ ਨਾਲ਼ ਪੋਚਾ ਫੇਰਨ ਤੇ ਲੱਗੇ ਹੋਏ ਹਨ।

ਜੂਨ 1985 ਦੇ ਏਅਰ ਇੰਡੀਆ ਜਹਾਜ ਕਾਂਡ ਨਾਲ਼ ਸਿੱਖਾਂ ਤੇ ਲੱਗੇ ਅੱਤਵਾਦੀ ਹੋਣ ਦੇ ਧੱਬੇ ਅਜੇ ਧੋ ਨਹੀਂ ਹੋਏ ਹਨ ਕਿ ਨਿੱਤ ਗੁਰਦੁਆਰਿਆਂ ਵਿੱਚ ਚੌਧਰ ਅਤੇ ਗੋਲਕ ਤੇ ਕਬਜ਼ੇ ਦੀਆਂ ਲੜਾਈਆਂ, ਅੰਤਰ ਰਾਸ਼ਟਰੀ ਵਿਦਿਆਰਥੀਆਂ ਦੀਆਂ ਹੁੱਲੜਬਾਜ਼ੀਆਂ, ਨਿੱਤ ਡਰੱਗ

ਤਸਕਰੀ ਵਿੱਚ ਫੜ੍ਹ ਹੋ ਰਹੇ ਸਿੱਖ ਨੌਜਵਾਨ, ਗੈਗਵਾਰ ਵਿੱਚ ਇੱਕ ਦੂਜੇ ਦੇ ਹੋ ਰਹੇ ਕਤਲ, ਹਰ ਗ਼ੈਰ ਇਖਲਾਕੀ ਤੇ ਗੈਰ ਸੰਵਿਧਾਨਕ ਢੰਗਾਂ ਨਾਲ਼ ਰਾਜਨੀਤੀ ਵਿੱਚ ਦਾਖਲੇ ਤੇ ਇਮੀਗਰੇਸ਼ਨ ਫਰਾਡ ਨਾਲ਼ ਸਾਰੀ ਕੌਮ ਦਾ ਸਿਰ ਨੀਵਾਂ ਹੋ ਰਿਹਾ ਹੈ।

ਇਹ ਲੋਕ ਹੁਣ ਪਿਛਲੇ ਕੁਝ ਸਮੇਂ ਤੋਂ ਫਰੀਡਮ ਆਫ਼ ਸਪੀਚ ਦੇ ਨਾਮ ਤੇ ਆਮ ਲੋਕਾਂ ਦੀ ਆਵਾਜ਼ ਦਬਾਅ ਰਹੇ ਹਨ। ਉਨ੍ਹਾਂ ਨੂੰ ਆਪਣੀ ਗੱਲ ਕਹਿਣ ਤੋਂ ਰੋਕਣ ਲਈ ਸੋਸ਼ਲ ਮੀਡੀਆ ਤੇ ਧਮਕੀਆਂ, ਅਸ਼ਲੀਲ ਸ਼ਬਦਾਵਲੀ, ਗਾਲ਼ੀ-ਗਲੋਚ, ਕਿਰਦਾਰਕੁਸ਼ੀ ਕੀਤੀ ਜਾਂਦੀ ਹੈ। ਪਿੱਛੇ ਜਿਹੇ ਸਿੱਖ ਵਿਦਵਾਨ ਅਜਮੇਰ ਸਿੰਘ ਨੇ ਆਪਣੀ ਇੱਕ ਵੀਡੀਓ ਵਿੱਚ ਦੱਸਿਆ ਸੀ ਕਿ ਭਾਈ ਅੰਮ੍ਰਿਤਪਾਲ ਸਿੰਘ ਸੋਸ਼ਲ ਮੌਡੀਆ ਦੀ ਟਰੌਲ ਆਰਮੀ ਦੇ ਮੋਹਰੀਆਂ ਵਿੱਚ ਸੀ, ਜੋ ਉੱਪਰ ਦੱਸੀਆਂ ਕਾਰਵਾਈਆਂ ਨਾਲ਼ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਵਿਦੇਸ਼ਾਂ ਵਿੱਚ ਮੁਜ਼ਾਹਰਿਆਂ ਦੇ ਨਾਮ ਤੇ ਕੀਤੀ ਜਾ ਰਹੀ ਭੰਨ-ਤੋੜ ਨੂੰ ਕਿਸੇ ਵੀ ਤਰ੍ਹਾਂ ਜਾਇਜ ਨਹੀਂ ਠਹਿਰਾਇਆ ਜਾ ਸਕਦਾ? ਹਿੰਸਾ ਤੇ ਨਫਰਤ ਦੀ ਰਾਜਨੀਤੀ ਸਿੱਖਾਂ ਵਰਗੀ ਸਾਰੀ ਦੁਨੀਆਂ ਵਿੱਚ ਵੱਸਦੀ ਛੋਟੀ ਜਿਹੀ ਘੱਟ-ਗਿਣਤੀ ਦੇ ਕਦੇ ਵਿੱਚ ਹਿੱਤ ਵਿੱਚ ਨਹੀਂ ਹੋ ਸਕਦੀ?

ਦੇਸ਼-ਵਿਦੇਸ਼ ਵਿੱਚ ਆਪਣੀ ਕਮਿਉਨਿਟੀ ਦੇ ਇਸ ਛੋਟੇ ਜਿਹੇ ਸੈਕਸ਼ਨ ਵਲੋ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਤੇ ਹੁੱਲੜਬਾਜ਼ੀ ਨੂੰ ਅਸੀ ਬੇਸ਼ਕ ਅੱਖੋ ਪਰੋਖੇ ਕਰ ਵੀ ਦੇਈਏ, ਪਰ ਸਾਰੀ ਦੁਨੀਆਂ, ਮੀਡੀਆ ਰਾਹੀਂ ਸਾਡੇ ਬਾਰੇ ਜੋ ਦੇਖ ਰਹੀ ਹੈ, ਉਸ ਨਾਲ਼ ਉਨ੍ਹਾਂ ਤੇ ਜੋ ਪ੍ਰਭਾਵ ਸਾਰੇ ਸਿੱਖਾਂ ਬਾਰੇ ਪੈ ਰਿਹਾ ਹੈ, ਉਸਨੂੰ ਕਿਵੇਂ ਰੋਕੋਗੇ? ਸਤੰਬਰ 2001 ਵਿੱਚ ਅਮਰੀਕਾ ਅੰਦਰ ਇਸਲਾਮਿਕ ਅੱਤਵਾਦੀਆਂ ਵੱਲੋਂ ਕੀਤੇ ਹਮਲਿਆਂ ਤੋਂ ਬਾਅਦ ਸਿੱਖਾਂ ਤੇ ਪੱਗ ਕਾਰਨ ਕਈ ਥਾਵਾਂ ਤੇ ਨਸਲੀ ਹਮਲੇ ਹੋਏ ਸਨ ਕਿਉਂਕਿ ਜੋ ਕੁਝ ਦੁਨੀਆਂ ਪੱਗਾਂ ਵਾਲ਼ੇ

ਤਾਲੀਬਾਨਾਂ ਦਾ ਦੇਖਦੀ ਸੀ ਤਾਂ ਉਹ ਸਿੱਖਾਂ ਤੇ ਉਨ੍ਹਾਂ ਵਿੱਚ ਫ਼ਰਕ ਨਹੀਂ ਕਰ ਸਕੀ। ਉਹ ਸਭ ਮੀਡੀਏ ਵਿੱਚ ਮੁਸਲਿਮ ਭਾਈਚਾਰੇ ਬਾਰੇ ਜੋ ਲੋਕ ਦੇਖ ਰਹੇ ਸਨ, ਉਸਦਾ ਅਸਰ ਸੀ। ਜਿਹੜੇ ਲੋਕ ਵਿਦੇਸ਼ਾਂ ਵਿੱਚ 1980 ਤੋਂ ਪਹਿਲਾਂ ਆਏ ਸਨ, ਉਨ੍ਹਾਂ ਨੂੰ ਨਸਲੀ ਹਮਲਿਆਂ ਦਾ ਅਕਸਰ ਸਾਹਮਣਾ ਕਰਨਾ ਪੈਂਦਾ ਸੀ। ਹੌਲ਼ੀ ਹੌਲ਼ੀ ਲੋਕਾਂ ਨੇ ਮਿਹਨਤ ਨਾਲ਼ ਆਪਣਾ ਅਕਸ ਸੁਧਾਰਿਆ ਸੀ। ਪਰ ਜਿਸ ਪਾਸੇ ਨੂੰ ਅਸੀ ਦੁਬਾਰਾ ਤੁਰ ਪਏ ਹਾਂ, ਉਸਦੇ ਨਤੀਜੇ ਕੋਈ ਚੰਗੇ ਨਹੀ ਨਿਕਣਗੇ? ਸਾਡੇ ਚੁੱਪ ਰਹਿਣ ਨਾਲ਼ ਮਸਲੇ ਹੱਲ ਨਹੀ ਹੋਣਗੇ, ਸਗੋ ਹੋਰ ਉਲਝਣਗੇ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੇ ਕੰਮਾਂ ਵਿੱਚ 5-7% ਤੋਂ ਵੱਧ ਲੋਕ ਸ਼ਾਮਿਲ ਨਹੀਂ। ਪਰ ਬਹੁ-ਗਿਣਤੀ ਵੱਲੋਂ ਚੁੱਪ-ਚਾਪ ਇਨ੍ਹਾਂ ਵਰਤਾਰਿਆਂ ਨੂੰ ਦੇਖੀ ਜਾਣ ਅਤੇ ਇਨ੍ਹਾਂ ਲੋਕਾਂ ਵੱਲੋਂ ਸਿਰਜੇ ਜਾਂਦੇ ਗਲਤ ਬਿਰਤਾਂਤਾਂ ਤੋਂ ਗੁੰਮਰਾਹ ਹੋਣ ਨਾਲ਼ ਸਭ ਦਾ ਨੁਕਸਾਨ ਹੋ ਰਿਹਾ ਹੈ।

ਜੇ ਇਨ੍ਹਾਂ ਵਰਤਾਰਿਆਂ ਬਾਰੇ ਅਸੀਂ ਸੋਚਣਾ ਵਿਚਾਰਨਾ ਜਾਂ ਕੁਝ ਕਰਨਾ ਨਾ ਸ਼ੁਰੂ ਕੀਤਾ ਤਾਂ ਹਾਲਾਤ ਵਿਦੇਸ਼ਾਂ ਵਿੱਚ ਵੀ ਸਾਡੇ ਲਈ ਸੁਖਾਵੇਂ ਨਹੀਂ ਰਹਿਣੇ ...? ਇੰਡੀਆ ਵਿੱਚ ਤਾਂ ਅਸੀਂ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਦੋਸ਼ ਸਰਕਾਰਾਂ ਜਾਂ ਏਜੰਸੀਆਂ ਸਿਰ ਮੜ੍ਹ ਕੇ ਸੁਰਖੁਰੂ ਹੋ ਜਾਂਦੇ ਹਾਂ। ਵਿਦੇਸ਼ਾਂ ਵਿੱਚ ਦੋਸ਼ ਕਿਸਨੂੰ ਦੇਵਾਂਗੇ? ਵਿਦੇਸ਼ਾਂ ਵਿੱਚ ਕਿਹੜੀਆਂ ਏਜੰਸੀਆਂ ਸਿਰ ਭਾਂਡਾ ਭੰਨਾਂਗੇ...?

ਹਰਚਰਨ ਸਿੰਘ ਪ੍ਰਹਾਰ

https://archive.org/details/namdhari

ਯੂ ਕੇ ਵਿਚ ਸਰਕਾਰ ਵਲੋਂ ਗੈਰ ਕਾਨੂੰਨੀ ਸੰਸਥਾਵਾਂ ਦੇ ਨਾਮ ਹੇਠ ਲਿਖੀ ਵੈਬ ਸਾਇਟ ਤੇ ਦੇਖ ਸਕਦੇ ਹੋ।

https://www.gov.uk/government/publications/proscribed-terror-groups-or-organisations--2/

https://archive.org/details/namdhari

ਸਿੱਖਾਂ ਨਾਲ਼ ਵਿਤਕਰਿਆਂ

ਤੋਂ ਗੁਲਾਮੀ ਦੇ ਬਿਰਤਾਤਾਂ ਦੀ ਜੜ੍ਹ!

ਸਿੱਖ ਲੀਡਰਾਂ ਤੇ ਵਿਦਵਾਨਾਂ ਵਲੋਂ ਪਿਛਲੇ 75 ਸਾਲਾਂ ਤੋਂ ਇੰਡੀਆ (ਪੰਜਾਬ) ਵਿੱਚ ਸਿੱਖਾਂ ਨਾਲ਼ ਵਿਤਕਰਿਆਂ ਦੇ ਸਿਰਜੇ ਬਿਰਤਾਂਤਾਂ ਨੂੰ ਸਮਝਣ ਲਈ ਪ੍ਰਸਿੱਧ ਸਿੱਖ ਇਤਿਹਾਸਕਾਰ ਤੇ ਗੋਆ ਦੇ ਸਾਬਕਾ ਗਵਰਨਨਰ ਡਾ. ਗੋਪਾਲ ਸਿੰਘ ਦੀ ਕਿਤਾਬ 'ਏ ਹਿਸਟਰੀ ਆਫ ਸਿੱਖ ਪੀਪਲਜ਼' ਵਿੱਚੋਂ ਇੱਕ ਹਵਾਲਾ ਲਾਹੇਵੰਦ ਰਹੇਗਾ। ਡਾ. ਗੋਪਾਲ ਸਿੰਘ ਨੂੰ ਸਿੱਖਾਂ ਦੇ ਸਿਰਮੌਰ ਲੀਡਰ ਮਾਸਟਰ ਤਾਰਾ ਸਿੰਘ 1947 ਤੋਂ ਕੁਝ ਸਾਲ ਬਾਅਦ ਮਿਲ਼ੇ ਤਾਂ ਲੇਖਕ ਅਨੁਸਾਰ ਉਹ ਬੜੇ ਮਾਯੂਸ ਜਿਹੇ ਦਿਖਾਈ ਦੇ ਰਹੇ ਸਨ।ਗੋਪਾਲ ਸਿੰਘ ਮਾਸਟਰ ਜੀ ਨੂੰ ਕਹਿਣ ਲੱਗੇ ਕਿ ਮਾਸਟਰ ਜੀ ਹੁਣ ਤਾਂ ਦੇਸ਼ ਆਜ਼ਾਦ ਹੋ ਗਿਆ ਹੈ, ਹੁਣ ਮਾਯੂਸੀ ਦਾ ਕੀ ਕਾਰਨ ਹੈ ਤਾਂ ਮਾਸਟਰ ਜੀ ਕਹਿਣ ਲੱਗੇ ਕਿ ਇਸੇ ਕਰਕੇ ਤਾਂ ਮਾਯੂਸ ਹਾਂ ਕਿ ਦੇਸ਼ ਆਜ਼ਾਦ ਹੋ ਗਿਆ? ਗੋਪਾਲ ਸਿੰਘ ਹੈਰਾਨ ਹੋ ਕਿ ਪੁੱਛਣ ਲੱਗੇ ਕਿ ਮਾਸਟਰ ਜੀ ਇਹ ਕੀ ਗੱਲ ਹੋਈ, ਦੇਸ਼ ਆਜ਼ਾਦ ਹੋਣ ਤੇ ਤਾਂ ਖੁਸ਼ ਹੋਣਾ ਚਾਹੀਦਾ ਸੀ ਤੇ ਤੁਸੀਂ ਮਾਯੂਸ, ਗੱਲ ਕੁਝ ਸਮਝ ਨਹੀਂ ਆਈ? ਮਾਸਟਰ ਜੀ ਕਹਿਣ ਲੱਗੇ: 'ਹੁਣ ਤੱਕ ਤਾਂ ਮੇਰੇ ਕੋਲ਼ ਆਪਣੇ ਖਾੜਕੂ ਅਕਾਲੀ ਕਾਰਕੁੰਨਾਂ ਲਈ ਇੱਕ ਮਕਸਦ ਸੀ ਕਿ ਦੇਸ਼ ਨੂੰ ਆਜ਼ਾਦ ਕਰਾਉਣਾ ਹੈ। ਹੁਣ ਦੇਸ਼ ਅਜ਼ਾਦ ਹੋ ਗਿਆ ਹੈ ਤਾਂ ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਇਨ੍ਹਾਂ ਦਾ ਕੀ ਕਰਾਂ? ਉਨ੍ਹਾਂ ਅੱਗੇ ਕਿਹਾ ਕਿ ਖਾੜਕੂ ਸਿੱਖਾਂ ਨੂੰ ਆਪਣੇ ਕੰਟਰੋਲ ਵਿੱਚ ਰੱਖਣ ਲਈ 'ਅਫਗਾਨਿਸਤਾਨ ਦੇ ਤਖਤ ਉਤੇ ਬੈਠਣ ਜਿਤਨਾ ਖਤਰਾ ਮੁੱਲ ਲੈਣਾ ਪੈਂਦਾ ਹੈ।'' 1970 ਵਿਆਂ ਵਿੱਚ ਡਾ. ਗੋਪਾਲ ਸਿੰਘ ਲਿਖਦੇ ਹਨ ਕਿ ਹੁਣ ਜਦੋਂ ਮੈਂ ਪੰਜਾਬੀ ਸੂਬਾ ਮੋਰਚਾ,

ਸਿੱਖਾਂ ਨੂੰ ਜ਼ਰਾਇਮਪੇਸ਼ਾ ਕਹਿਣਾ, ਅਨੰਦਪੁਰ ਦਾ ਮਤਾ, ਹੋਰ ਅਕਾਲੀਆਂ ਮੋਰਚਿਆਂ, ਸਿੱਖਾਂ ਨਾਲ਼ ਵਿਤਕਰਿਆਂ ਨੂੰ ਦੇਖਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਇਹ ਸਾਰੇ ਬਿਰਤਾਂਤ ਤੇ ਸੰਘਰਸ਼ ਉਨ੍ਹਾਂ 'ਖਾੜਕੂ' (ਗਰਮ ਖਿਆਲੀ) ਸਿੱਖਾਂ ਤੋਂ ਆਪਣੀ ਲੀਡਰਸ਼ਿਪ ਬਚਾਉਣ, ਵਿਰੋਧੀਆਂ ਨੂੰ ਦਬਾਉਣ ਅਤੇ ਇਨ੍ਹਾਂ ਨੂੰ ਆਹਰੇ ਲਾਉਣ ਤੋਂ ਵੱਧ ਕੁਝ ਨਹੀਂ ਸਨ। ਇਸੇ ਸੰਦਰਭ ਵਿੱਚ ਇੱਕ ਹੋਰ ਵਿਦਵਾਨ ਨੇ ਟਿੱਪਣੀ ਕੀਤੀ ਸੀ ਕਿ ਸਿੱਖ ਲੀਡਰਸ਼ਿਪ ਤੇ ਵਿਦਵਾਨਾਂ ਨੇ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਮਿਹਨਤੀ ਸਿੱਖ ਕੌਮ ਨੂੰ 'ਸ਼ਿਕਾਇਤੀ ਟੱਟੂ' ਬਣਾ ਕੇ ਰੱਖ ਦਿੱਤਾ ਹੈ।

ਜੇ ਮਾਸਟਰ ਤਾਰਾ ਸਿੰਘ ਦੀ ਇਮਾਨਦਾਰੀ ਤੇ ਸ਼ੱਕ ਨਾ ਵੀ ਕਰੀਏ ਤਾਂ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਅਨੁਸਾਰ ਉਹ ਬਾਹਰੋਂ ਭਾਸ਼ਾ ਦੇ ਅਧਾਰ ਤੇ 'ਪੰਜਾਬੀ ਸੂਬੇ' ਦੇ ਨਾਮ ਤੇ ਮੋਰਚਾ ਲਗਾ ਕੇ ਅੰਦਰੋਂ (ਦਿਲੋਂ) 'ਸਿੱਖ ਸੂਬਾ' ਬਣਾਉਣਾ ਚਾਹੁੰਦੇ ਸਨ ਤਾਂ ਕਿ ਗਰਮ ਖਿਆਲੀ ਸਿੱਖਾਂ ਨੂੰ ਸ਼ਾਂਤ ਕੀਤਾ ਜਾ ਸਕੇ।ਪਰ ਉਹ ਇਸ ਬਾਰੇ ਕਦੇ ਵੀ ਸਪੱਸ਼ਟ ਸਟੈਂਡ ਨਹੀਂ ਲੈ ਸਕੇ? ਜਿਸ ਕਾਰਨ ਢੰਗ ਦਾ ਪੰਜਾਬੀ ਭਾਸ਼ਾ ਸੂਬਾ ਵੀ ਨਾ ਬਣ ਸਕਿਆ, ਸਿੱਖ ਸੂਬਾ ਤਾਂ ਕੀ ਬਣਨਾ ਸੀ? ਹੁਣ ਦੇ ਲੀਡਰਾਂ ਤੇ ਵਿਦਵਾਨਾਂ ਦੀ ਵੀ ਇਹੀ ਸਮੱਸਿਆ ਹੈ ਕਿ ਉਹ ਕਿਸੇ ਵੀ ਪੱਖ ਤੋਂ ਸਪੱਸ਼ਟ ਨਹੀਂ ਹਨ? ਬੇਸ਼ਕ ਬਹੁ-ਗਿਣਤੀ ਸਿੱਖ ਵੱਖਰੇ ਦੇਸ਼ ਖਾਲਿਸਤਾਨ ਦੇ ਹਮਾਇਤੀ ਨਹੀਂ, ਪਰ ਜਦੋਂ ਸਿੱਖ ਕਮਿਉਨਿਟੀ ਵਿਚਲਾ ਇੱਕ ਛੋਟਾ ਜਿਹਾ ਗਰਮ ਖਿਆਲੀ ਧੜਾ ਵਿਤਕਰਿਆਂ, ਗੁਲਾਮੀ, ਜ਼ੁਲਮਾਂ, ਨਸਲਕੁਸ਼ੀ ਵਰਗੇ ਭਾਰੀ-ਭਾਰੀ ਸ਼ਬਦਾਂ ਦੇ ਬਿਰਤਾਂਤ ਸਿਰਜਦਾ ਹੈ ਤਾਂ ਆਮ ਸਿੱਖਾਂ ਦਾ ਇੱਕ ਵਰਗ ਉਸਦਾ ਸ਼ਿਕਾਰ ਹੋ ਜਾਂਦਾ ਹੈ।ਜਿਸ ਕਰਕੇ ਸਾਰੀ ਦੁਨੀਆਂ ਵਿਚਲੇ ਉਹ ਛੋਟੇ-ਛੋਟੇ ਗਰੁੱਪ ਸਾਰੀ ਦੁਨੀਆਂ ਵਿੱਚ ਵਸਦੀ ਕੌਮ ਤੇ ਭਾਰੂ ਪੈ ਜਾਂਦੇ ਹਨ।ਆਪਣੀ ਗਰਮ ਖਿਆਲ਼ੀ ਧੌਂਸ ਦੀ ਰਾਜਨੀਤੀ ਨਾਲ਼ ਉਨ੍ਹਾਂ ਨੇ ਆਪਣੇ ਜਾਤੀ ਤੇ ਜਮਾਤੀ ਹਿੱਤਾਂ ਲਈ ਹਰ ਤਰ੍ਹਾਂ ਦੀਆਂ ਧਾਰਮਿਕ, ਸਮਾਜਿਕ, ਰਾਜਨਤੀਤਕ ਸੰਸਥਾਵਾਂ ਤੇ ਕਬਜ਼ੇ ਜਮਾ ਲਏ ਹਨ।

ਅੱਜ ਸਿੱਖ ਸਮਾਜ ਵਿੱਚ ਸੈਕੂਲਰ, ਲਿਬਰਲ, ਮਨੁੱਖਤਾਵਾਦੀ ਜਨ ਸਧਾਰਨ ਕੋਲ਼ ਆਪਣੀ ਗੱਲ ਕਰਨ ਲਈ ਕੋਈ ਪਲੈਟਫਾਰਮ ਨਹੀਂ ਰਿਹਾ? ਇਹ ਇੱਕ ਵੱਡੀ ਤਰਾਸਦੀ ਹੈ? ਪਿਛਲੇ 2-3 ਦਹਾਕਿਆਂ ਤੋਂ ਸਿੱਖ ਸਮਾਜ ਦੇ ਇਸ ਛੋਟੇ ਜਿਹੇ ਖਾੜਕੂ ਤੇ ਧਾਰਮਿਕ ਕੱਟੜਵਾਦੀ ਧੜਿਆਂ ਵਲੋਂ ਜਿਸ ਤਰ੍ਹਾਂ ਦੀ ਬੁਰਛਾਗਰਦੀ ਵਿਦੇਸ਼ਾਂ ਵਿੱਚ ਕੀਤੀ ਜਾ ਰਹੀ ਹੈ, ਉਸ ਨਾਲ਼ ਨਾ ਸਿਰਫ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਲਈ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਸਗੋਂ ਪੰਜਾਬ ਵਿੱਚੋਂ ਵਿਦੇਸ਼ਾਂ ਵਿੱਚ ਆਉਣ ਵਾਲ਼ੇ ਨਵੇਂ ਇਮੀਗਰੈਂਟਸ ਤੇ ਵੀ ਕਈ ਤਰ੍ਹਾਂ ਦੀਆਂ ਪਾਬੰਧੀਆਂ ਲੱਗਣ ਦੀ ਪੂਰੀ ਸੰਭਵਾਨਾ ਹੈ।ਸਿੱਖ ਕਮਿਉਨਿਟੀ ਦੀ ਬਹੁ-ਗਿਣਤੀ ਨੇ ਬੜੀ ਮਿਹਤਨ ਤੇ ਲਿਆਕਤ ਨਾਲ਼ ਵਿਦੇਸ਼ਾਂ ਵਿੱਚ ਹਰ ਪੱਧਰ ਤੇ ਆਪਣਾ ਸਥਾਨ ਬਣਾਇਆ ਹੈ।ਪਰ ਜੇ ਅੱਜ ਅਸੀਂ ਮੂਕ ਦਰਸ਼ਕ ਬਣੇ ਰਹੇ ਤਾਂ ਇਹ ਛੋਟਾ ਜਿਹਾ ਸੈਕਸ਼ਨ ਸਾਰੀ ਕੌਮ ਤੇ ਅੱਤਵਾਦੀ, ਵੱਖਵਾਦੀ, ਖਰੂਦੀ, ਗੈਂਗਸਟਰ, ਡਰੱਗ ਡੀਲਰ ਆਦਿ ਵਰਗੇ ਇਲਜਾਮ ਲਵਾ ਦੇਵੇਗਾ? ਸਾਨੂੰ ਯਾਦ ਰਹਿਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਦੀ ਏਅਰ ਇੰਡੀਆ ਜਹਾਜ ਬੰਬ ਕਾਂਡ ਵਰਗੀ ਇੱਕ ਘਟਨਾ ਨੇ ਸਾਰੀ ਸਿੱਖ ਕੌਮ ਨੂੰ ਵਿਦੇਸ਼ਾਂ ਵਿੱਚ ਦੋ ਦਹਾਕੇ ਸ਼ੱਕੀ ਬਣਾਈ ਰੱਖਿਆ ਸੀ? ਅਜਿਹੇ ਮੁੱਠੀ ਭਰ ਲੋਕਾਂ ਵਲੋਂ ਗੁਰਦੁਆਰਿਆਂ, ਕੱਬਡੀ ਟੂਰਨਾਮੈਂਟਾਂ, ਪੰਜਾਬੀ ਸ਼ੋਆਂ ਵਿੱਚ ਕੀਤੀਆਂ ਜਾਂਦੀਆਂ ਲੜਾਈਆਂ, ਹੁੱਲੜਬਾਜੀਆਂ ਨਾਲ਼ ਕੁਝ ਸੰਵਰ ਨਹੀਂ ਰਿਹਾ, ਸਗੋਂ ਸਾਰੀ ਕਮਿਉਨਿਟੀ ਦਾ ਅਕਸ ਖਰਾਬ ਹੋ ਰਿਹਾ ਹੈ?

ਇਸ ਸਬੰਧੀ ਸਿੱਖ ਸਮਾਜ ਅੰਦਰ ਖਾਸਕਰ ਵਿਦੇਸ਼ਾਂ ਵਿੱਚ ਕਿਸੇ ਵੀ ਸਮਾਜਿਕ, ਧਾਰਮਿਕ, ਰਾਜਨੀਤਕ, ਮੀਡੀਆ ਪਲੈਟਫਾਰਮ ਤੇ ਕਿਸੇ ਸੰਸਥਾ ਵਲੋਂ ਕਿਤੇ ਕੋਈ ਚਰਚਾ ਨਹੀਂ ਹੋ ਰਹੀ? ਕੋਈ ਅਜਿਹੇ ਗੰਭੀਰ ਮੁੱਦਿਆਂ ਤੇ ਗੱਲ ਕਰਨ ਲਈ ਤਿਆਰ ਨਹੀਂ? ਕੀ ਸਾਡੀ ਕੌਮ

ਵਿੱਚ ਸੁਹਿਰਦ ਲੋਕ ਨਹੀਂ, ਜੋ ਆਪਣੇ ਮਸਲਿਆਂ ਤੇ ਹੋਰ ਰਹੇ ਨੁਕਸਾਨ ਬਾਰੇ ਗੱਲ ਕਰ ਸਕਣ? ਸਭ ਲੋਕ ਇੱਕ ਅਣ-ਦਿਸਦੇ ਸਹਿਮ ਅਧੀਨ ਕੁਝ ਵੀ ਬੋਲਣ ਜਾਂ ਕਰਨ ਲਈ ਤਿਆਰ ਨਹੀਂ? ਜਿਸ ਨਾਲ਼ ਦੇਸ਼-ਵਿਦੇਸ਼ ਵਿੱਚ ਹੁੱਲੜਬਾਜ ਲੋਕਾਂ ਦੀਆਂ ਆਪ-ਹੁੱਦਰੀਆਂ ਨਾ ਸਿਰਫ ਦਿਨੋ-ਦਿਨ ਵਧ ਰਹੀਆਂ ਹਨ, ਸਗੋਂ ਸਮਾਜ ਲਈ ਨਿੱਤ ਨਵੇਂ ਝੰਜਟ ਖੜੇ ਕਰ ਰਹੀਆਂ ਹਨ? ਭਾਰਤ ਵਿਚਲੇ ਭ੍ਰਿਸ਼ਟ ਸਿਸਟਮ ਤੋਂ ਤੰਗ ਹੋ ਕੇ ਅਸੀਂ ਸਭ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਾਂ, ਇੱਥੇ ਆ ਕੇ ਅਸੀਂ ਇਸ ਵਧੀਆ ਚੱਲ ਰਹੇ ਸਿਸਟਮ ਨੂੰ ਖਰਾਬ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ? ਸਿੱਖ ਕਮਿਉਨਿਟੀ ਦੁਨੀਆਂ ਦੀ ਇੱਕ ਅਜਿਹੀ ਛੋਟੀ ਜਿਹੀ ਧਾਰਮਿਕ ਘੱਟ-ਗਿਣਤੀ ਹੈ, ਜੋ ਇੰਡੀਆ ਸਮੇਤ ਦੁਨੀਆਂ ਦੇ ਹਰ ਕੋਨੇ ਵਿੱਚ ਖੁਸ਼ਹਾਲ ਹੈ।ਪਰ ਕੁਝ ਲੋਕਾਂ ਦੀ ਆਪਣੇ ਸੌੜੇ ਰਾਜਸੀ ਹਿੱਤਾਂ ਲਈ ਨਫਰਤ ਤੇ ਹਿੰਸਾ ਦੀ ਰਾਜਨੀਤੀ, ਦੁਨੀਆਂ ਦੇ ਕਿਸੇ ਕੋਨੇ ਵਿੱਚ ਸਿੱਖ ਹਿੱਤਾਂ ਵਿੱਚ ਨਹੀਂ...?

ਹਰਚਰਨ ਸਿੰਘ ਪ੍ਰਹਾਰ